IJCRT.ORG ISSN : 2320-2882
INTERNATIONAL JOURNAL OF CREATIVE RESEARCH THOUGHTS (IJCRT)
An International Open Access, Peer-reviewed, Refereed Journal

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੇਵਾ ਦਾ ਸੰਕਲਪ

**ਹਰਪ੍ਰੀਤ ਸਿੰਘ ਦੂਆ (ਡਾ.)**

**ਐਸੋਸੀਏਟ ਪ੍ਰੋਫੈਸਰ**

**ਪੰਜਾਬੀ ਵਿਭਾਗ**

**ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ**

**Abstract**

ਗੁਰਬਾਣੀ ਇਕ ਅਧਿਆਤਮਕ ਕਾਵਿ ਹੈ। ਰਹੱਸਵਾਦੀ ਚਿੰਤਨ ਦਾ ਪ੍ਰਗਟਾਵਾ ਕਰਦੀ ਗੁਰਬਾਣੀ ਦੀ ਟੈਕਸਟ ਆਤਮਾ ਦੇ ਪਰਮਾਤਮਾ ਪ੍ਰਾਪਤੀ ਲਈ ਅਪਣਾਏ ਗਏ ਸਾਰਥਕ ਸਾਧਨਾਂ ਨੂੰ ਵਿਚਾਰਧਾਰਕ ਪੱਧਰ ਤੇ ਆ ਕੇ ਪ੍ਰਗਟਾਉਂਦੀ ਹੈ। ਗੁਰਬਾਣੀ 'ਵਿਚਿ ਦੁਨੀਆ ਸੇਵ ਕਮਾਈਐ ਤਾ ਦਰਗਹ ਬੈਸਣੁ ਪਾਈਐ' ਦੀ ਗੱਲ ਕਰਦਿਆਂ ਸੇਵਾ ਨੂੰ ਪਰਮਾਤਮਾ ਪ੍ਰਾਪਤੀ ਦਾ ਇਕ ਮਹੱਤਵਪੂਰਨ ਸਾਧਨ ਸਥਾਪਤ ਕਰਦੀ ਹੈ, ਜਿਹੜਾ ਨਿਮਰਤਾ ਦੇ ਪ੍ਰਕਾਸ਼ ਅਤੇ ਹਉਮੈ ਦੇ ਵਿਨਾਸ਼ ਵਿਚੋਂ ਪੈਦਾ ਹੁੰਦਾ ਹੈ। ਗੁਰੂ ਨਾਨਕ ਦੇਵ ਨੇ ਮਨੁੱਖਤਾ ਨੂੰ 'ਕਿਰਤ ਕਰੋ, ਨਾਮ ਜਪੋ ਤੇ ਵੰਡ ਕੇ ਛਕੋ" ਦਾ ਸਿੱਖੀ ਸਿਧਾਂਤ ਦਿੱਤਾ। ਕਿਰਤ ਕਰਨੀ ਅਤੇ ਨਾਮ ਜਪਣਾ ਦੀ ਕ੍ਰਿਆ ਨੂੰ ਜਦੋਂ ਮਨੁੱਖਤਾ ਵਿਚ ਵੰਡਣ ਦਾ ਆਦੇਸ਼ ਦਿੱਤਾ ਤਾਂ ਉਹ ਤਨ, ਮਨ ਅਤੇ ਧਨ ਨਾਲ ਕੀਤੀ ਗਈ ਸੇਵਾ ਰੂਪ ਹੀ ਹੈ। ਗੁਰੂ ਨਾਨਕ ਦੀ ਸਿੱਖੀ ਘਾਲ ਕਮਾਈ ਅਤੇ ਵੰਡ ਕੇ ਛਕਣ ਦੀ ਸਿੱਖੀ ਹੈ। ਗੁਰੂ ਨਾਨਕ ਦਾ ਮੱਤ ਵਿਅਕਤੀਗਤ ਕਲਿਆਣ ਦੀ ਗੱਲ ਨਹੀਂ ਕਰਦਾ ਸਗੋਂ ਸਮਸ਼ਟੀਗਤ ਕਲਿਆਣ ਦੇ ਮਹੱਤਵ ਨੂੰ ਉਜਾਗਰ ਕਰਦਾ ਹੈ। ਸੇਵਾ ਦਾ ਸੰਕਲਪ ਇਸੇ ਪਰਉਪਕਾਰ ਦੀ ਭਾਵਨਾ ਨਾਲ ਜੁੜਿਆ ਹੋਇਆ ਹੈ। ਗੁਰੂ ਕਵੀ ਨੇ ਹੱਕ ਹਲਾਲ ਦੀ ਕਿਰਤ ਕਮਾਈ ਨੂੰ ਲੋੜਵੰਦਾਂ ਵਿਚ ਅਤੇ ਨਾਮ ਦੀ ਕਮਾਈ ਨੂੰ ਸਮੁੱਚੀ ਮਾਨਵਤਾ ਵਿਚ ਵੰਡਣ ਦਾ ਸੰਕਲਪ ਪੇਸ਼ ਕੀਤਾ।

**Key Words:** ਗੁਰੂ ਗ੍ਰੰਥ ਸਾਹਿਬ, ਸੇਵਾ, ਗੁਰਮਤਿ ਸਿਧਾਂਤ, ਅਧਿਆਤਮਕ, ਮਨੁੱਖਤਾ, ਸਮਾਜਿਕ ਕਲਿਆਣ

ਗੁਰਬਾਣੀ ਵਿਚ ਸੇਵਾ ਦਾ ਸੰਕਲਪ ਇਕ ਅਹਿਮ ਅਤੇ ਮਹੱਤਵਪੂਰਨ ਸੰਕਲਪ ਹੈ। ਸੇਵਾ ਦੇ ਸੰਕਲਪ ਨੂੰ ਵਿਚਾਰਨ ਤੋਂ ਪਹਿਲਾਂ ਸੇਵਾ ਸ਼ਬਦ ਸੰਬੰਧੀ ਵਿਚਾਰ ਲੋੜੀਂਦੀ ਹੈ। ਵੱਖ -2 ਸੰਦਰਭਾਂ ਵਿਚ ਵਰਤਿਆਂ ਜਾਂਦਾ ਸੇਵਾ ਸ਼ਬਦ ਮੂਲ ਰੂਪ ਵਿਚ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ।ਅੰਗਰੇਜ਼ੀ ਵਿਚ Service ਦਾ ਅਤੇ ਅਰਬੀ ਵਿਚ ਖ਼ਿਦਮਤ ਦਾ ਹੀ ਸਮਾਨਾਰਥਕ ਸ਼ਬਦ ਹੈ। ਇਸ ਸ਼ਬਦ ਨੂੰ ਵੱਖ-2 ਕੋਸ਼ਾਂ ਵਿਚ ਅਤੇ ਵਿਦਵਾਨਾਂ ਦੁਆਰਾ ਵੱਖ-2 ਤਰੀਕੇ ਨਾਲ ਪਰਿਭਾਸ਼ਤ ਕੀਤਾ ਗਿਆ ਹੈ।

Oxford Dictionary and Thesaurus ਅਨੁਸਾਰ

"Work done or doing of work for employer or for community" [1]

Merriam Webster's Collegiate Dictionary ਅਨੁਸਾਰ

1. Contribution to the welfare of others

2. A form followed in worship or in the religious ceremony

3. A meeting for worship [2]

ਅੰਗਰੇਜ਼ੀ - ਪੰਜਾਬੀ ਕੋਸ਼ ਵਿਚ 'ਸੇਵਾ' ਨੂੰ ਟਹਿਲ, ਖ਼ਿਦਮਤ, ਸੇਵਾ, ਖ਼ਾਤਰ, ਇਬਾਦਤ, ਬੰਦਗੀ, ਉਪਾਸਨਾ, ਪੂਜਾ ਪਾਠ" [3] ਆਦਿ ਦੇ ਅਰਥਾਂ ਵਿਚ ਪਰਿਭਾਸ਼ਤ ਕੀਤਾ ਗਿਆ ਹੈ। ਸੰਸਕ੍ਰਿਤ - ਹਿੰਦੀ - ਅੰਗਰੇਜ਼ੀ ਕੋਸ਼ ਵਿਚ 'ਸੇਵਾ' ਨੂੰ ਸੇਵਾ ਕਰਨਾ, ਸਹਾਇਕ ਬਣਨਾ, ਆਨੰਦ ਲੈਣਾ, To serve, help, enjoy, devote oneself to stay near" [4] ਅਰਥਾਂ ਵਿੱਚ ਲਿਆ ਹੈ ।ਡਾ. ਨਵਰਤਨ ਕਪੂਰ ਇਸ ਸੰਬੰਧੀ ਵਿਚਾਰ ਕਰਦੇ ਲਿਖਦੇ ਹਨ,

> ਸੇਵਾ ਦਾ ਅਰਥ ਹੈ 'ਖ਼ਿਦਮਤ' Service ਇਹ ਸ਼ਬਦ ਸੰਸਕ੍ਰਿਤ ਦੇ ਦੋ ਪਦਾਂ ਸ+ਏਵ ਨਾਲ ਬੜੀ ਬਚਿੱਤਰ ਧੁਨੀ-ਸਮਤਾ ਰੱਖਦਾ ਹੈ । 'ਸ+ਏਵ ਦਾ ਸ਼ਾਬਦਿਕ ਅਰਥ ਹੈ 'ਕੇਵਲ ਉਹੀ ਹੈ'। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਸੇਵਾ ਕਰਨ ਵਾਲੇ (ਸੇਵਕ) ਦੇ ਚਿੱਤ ਵਿਚ ਤਾਂ ਹੀ ਸੱਚੀ ਆਸਥਾ ਪੈਦਾ ਹੋ ਸਕਦੀ ਹੈ ਜੇ ਉਹ ਸੇਵਾ-ਯੋਗ (ਸੇਵਯ) ਮਹਾਂਪੁਰਖ, ਉੱਚ- ਆਤਮਾ ਜਾਂ ਬਜ਼ੁਰਗ ਨੂੰ ਆਪਣਾ ਸਭ ਕੁਝ ਮੰਨਕੇ ਆਪਣੇ ਸਮੁੱਚੇ ਸੁੱਖ-ਦੁੱਖ ਜਾਂ ਨਿਰਾਸ਼ਾ ਦੀਆਂ ਭਾਵਨਾਵਾਂ ਉਸਨੂੰ ਅਰਪਿਤ ਕਰ ਦਿੰਦਾ ਹੈ।[5]

ਭਾਈ ਕਾਨ੍ਹ ਸਿੰਘ ਨਾਭਾ ਨੇ 'ਗੁਰਸ਼ਬਦ ਰਤਨਾਕਰ ਮਹਾਨ ਕੋਸ਼' ਵਿਚ ਸੇਵਾ ਦੇ ਅਰਥ"ਖ਼ਿਦਮਤ, ਉਪਾਸਨਾ, ਨਾਮੈ ਕੀ ਸਭ ਸੇਵਾ ਕਰੈ" [6] ਦੇ ਸੰਦਰਭ ਵਿਚ ਲਏ ਹਨ।

ਪ੍ਰੋ. ਗੁਲਵੰਤ ਸਿੰਘ ਨੇ ਸੇਵਾ ਨੂੰ ਗੁਰਮਤਿ ਅਤੇ ਅਧਿਆਤਮਵਾਦ ਦੇ ਸੰਦਰਭ ਵਿਚ ਪਰਿਭਾਸ਼ਿਤ ਕਰਦਿਆਂ ਲਿਖਿਆ ਹੈ,

> ਸੇਵਾ, ਕੋਸ਼ ਅਨੁਸਾਰ 'ਸੇਵ'ਧਾਤੂ ਤੋਂ ਬਣਿਆ ਸ਼ਬਦ ਹੈ, ਜਿਸਦਾ ਅਰਥ ਹੈ ਉਪਾਸਨਾ, ਉਪਕਾਰ ਅਤੇ ਟਹਿਲ। ਗੁਰਮਤਿ ਇਕ ਆਸਥਾਪੂਰਣ ਧਰਮ-ਵਿਵਸਥਾ ਹੈ, ਜਿਸ ਵਿਚ ਪਰਮਾਤਮਾ ਦੀ ਉਪਾਸਨਾ ਨੂੰ ਸਰਵੋਪਰੀ ਮਹੱਤਵ ਪ੍ਰਾਪਤ ਹੈ। ਗੁਰਬਾਣੀ ਵਿਚ 'ਹਰਿ ਨਾਮ ਕੀ ਸੇਵਾ' 'ਭਗਵੰਤ ਕੀ ਟਹਿਲ' ਇਤਿ ਆਦਿ ਤੁਕਾਂਸ਼ਾਂ ਤੋਂ ਇਹ ਸਪਸ਼ਟ ਹੈ ਕਿ ਸੇਵਾ ਇਕ ਪ੍ਰਕਾਰ ਦੀ ਅਧਿਆਤਮਕ ਸਾਧਨਾ ਹੈ।" [7]

ਗੁਰਬਾਣੀ ਵਿਚ ਸੇਵਾ ਦਾ ਬਹੁਤ ਮਹੱਤਵ ਹੈ। ਗੁਰਬਾਣੀ ਇਕ ਅਧਿਆਤਮਕ ਕਾਵਿ ਹੈ। ਰਹੱਸਵਾਦੀ ਚਿੰਤਨ ਦਾ ਪ੍ਰਗਟਾਵਾ ਕਰਦੀ ਗੁਰਬਾਣੀ ਦੀ ਟੈਕਸਟ ਆਤਮਾ ਦੇ ਪਰਮਾਤਮਾ ਪ੍ਰਾਪਤੀ ਲਈ ਅਪਣਾਏ ਗਏ ਸਾਰਥਕ ਸਾਧਨਾਂ ਨੂੰ ਵਿਚਾਰਧਾਰਕ ਪੱਧਰ ਤੇ ਆ ਕੇ ਪ੍ਰਗਟਾਉਂਦੀ ਹੈ। ਗੁਰਬਾਣੀ 'ਵਿਚਿ ਦੁਨੀਆ ਸੇਵ ਕਮਾਈਐ ਤਾ ਦਰਗਹ ਬੈਸਣੁ ਪਾਈਐ' ਦੀ ਗੱਲ ਕਰਦਿਆਂ ਸੇਵਾ ਨੂੰ ਪਰਮਾਤਮਾ ਪ੍ਰਾਪਤੀ ਦਾ ਇਕ ਮਹੱਤਵਪੂਰਨ ਸਾਧਨ ਸਥਾਪਤ ਕਰਦੀ ਹੈ, ਜਿਹੜਾ ਨਿਮਰਤਾ ਦੇ ਪ੍ਰਕਾਸ਼ ਅਤੇ ਹਉਮੈ ਦੇ ਵਿਨਾਸ਼ ਵਿਚੋਂ ਪੈਦਾ ਹੁੰਦਾ ਹੈ। ਗੁਰਬਾਣੀ ਵਿਚ ਸੇਵਾ ਤੋਂ ਭਾਵ ਨਿਸ਼ਕਾਮ ਸੇਵਾ ਤੋਂ ਹੈ। ਇਸ ਸੰਬੰਧੀ ਵਿਚਾਰ ਕਰਦਿਆਂ ਡਾ. ਰਤਨ ਸਿੰਘ ਜੱਗੀ ਲਿਖਦੇ ਹਨ,

> ਗੁਰੂ ਨਾਨਕ ਦੀ ਸਾਧਨਾ ਵਿਚ ਸੇਵਾ ਦਾ ਬਹੁਤ ਮਹੱਤਵ ਹੈ। ਇਹ ਬਹੁਤ ਉੱਚੀ ਸਾਧਨਾ ਹੈ। ਮਨੁੱਖ ਦੀ ਹਰ ਹਰਕਤ ਹਉਮੈ ਵਾਲੀ ਹੁੰਦੀ ਹੈ । ਸੇਵਾ ਦੀ ਭਾਵਨਾ ਹੀ ਹਉਮੈ ਨੂੰ ਨਸ਼ਟ ਕਰ ਸਕਦੀ ਹੈ ਕਿਉਂਕਿ ਹਉਮੈ ਧੁੰਧ ਗੁਬਾਰ ਹੈ, ਸੇਵਾ ਪ੍ਰਕਾਸ਼ ਹੈ, ਹਉਮੈ ਆਪਣੇ ਆਪ ਵਿਚ ਜਾਂ ਆਪਣੇ ਲਈ ਜੀਣਾ ਹੈ, ਸੇਵਾ ਦੁਆਰਾ ਦੂਜਿਆਂ ਲਈ ਜੀਵਿਆ ਜਾ ਸਕਦਾ ਹੈ। [8]

ਸੇਵਾ ਦਾ ਸੰਕਲਪ ਗੁਰਮਤਿ ਦਾ ਇਕ ਮਹੱਤਵਪੂਰਨ ਸੰਕਲਪ ਹੈ ਜੋ ਗੁਰਮਤਿ ਦੇ ਹੋਰ ਸੰਕਲਪਾਂ ਨਾਲ ਅੰਤਰ ਸੰਬੰਧਤ ਹੋ ਕੇ ਪੇਸ਼ ਹੁੰਦਾ ਹੈ। ਗੁਰੂ ਨਾਨਕ ਦੇਵ ਨੇ ਮਨੁੱਖਤਾ ਨੂੰ 'ਕਿਰਤ ਕਰੋ, ਨਾਮ ਜਪੋ ਤੇ ਵੰਡ ਕੇ ਛਕੋ" ਦਾ ਸਿੱਖੀ ਸਿਧਾਂਤ ਦਿੱਤਾ। ਕਿਰਤ ਕਰਨੀ ਅਤੇ ਨਾਮ ਜਪਣਾ ਦੀ ਕ੍ਰਿਆ ਨੂੰ ਜਦੋਂ ਮਨੁੱਖਤਾ ਵਿਚ ਵੰਡਣ ਦਾ ਆਦੇਸ਼ ਦਿੱਤਾ ਤਾਂ ਉਹ ਤਨ, ਮਨ ਅਤੇ ਧਨ ਨਾਲ ਕੀਤੀ ਗਈ ਸੇਵਾ ਰੂਪ ਹੀ ਹੈ। ਗੁਰੂ ਨਾਨਕ ਦੀ ਸਿੱਖੀ ਘਾਲ ਕਮਾਈ ਅਤੇ ਵੰਡ ਕੇ ਛਕਣ ਦੀ ਸਿੱਖੀ ਹੈ। ਗੁਰੂ ਨਾਨਕ ਦਾ ਮੱਤ ਵਿਅਕਤੀਗਤ ਕਲਿਆਣ ਦੀ ਗੱਲ ਨਹੀਂ ਕਰਦਾ ਸਗੋਂ ਸਮਸ਼ਟੀਗਤ ਕਲਿਆਣ ਦੇ ਮਹੱਤਵ ਨੂੰ ਉਜਾਗਰ ਕਰਦਾ ਹੈ। ਸੇਵਾ ਦਾ ਸੰਕਲਪ ਇਸੇ ਪਰਉਪਕਾਰ ਦੀ ਭਾਵਨਾ ਨਾਲ ਜੁੜਿਆ ਹੋਇਆ ਹੈ । ਗੁਰੂ ਕਵੀ ਨੇ ਹੱਕ ਹਲਾਲ ਦੀ ਕਿਰਤ ਕਮਾਈ ਨੂੰ ਲੋੜਵੰਦਾਂ ਵਿਚ ਅਤੇ ਨਾਮ ਦੀ ਕਮਾਈ ਨੂੰ ਸਮੁੱਚੀ ਮਾਨਵਤਾ ਵਿਚ ਵੰਡਣ ਦਾ ਸੰਕਲਪ ਪੇਸ਼ ਕੀਤਾ। ਦਸਵੰਧ ਕੱਢਣ ਦੀ ਮਰਿਆਦਾ ਇਸੇ ਸੇਵਾ ਦਾ ਇਕ ਰੂਪ ਹੈ, ਜੋ ਧਨ ਨਾਲ ਕੀਤੀ ਸੇਵਾ ਦਾ ਲਖਾਇਕ ਹੈ। ਗੁਰੂ ਵਾਕ ਅਨੁਸਾਰ

- ਘਾਲਿ ਖਾਇ ਕਿਛੁ ਹਥਹੁ ਦੇਇ ।।

  ਨਾਨਕ ਰਾਹੁ ਪਛਾਣਹਿ ਸੇਇ ।।[9]

- ਧਨੁ ਮਾਇਆ ਸੰਪੈ ਤਿਸੁ ਦੇਵਉ ਜਿਨਿ ਹਰਿ ਮੀਤੁ ਮਿਲਾਇਓ।।[10]
- ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ ਇਕਤ੍ਰ ਕਰੀ ਹੈ ਮਾਇਆ ।।

  ਦਾਨੁ ਪੁੰਨੁ ਨਹੀ ਸੰਤਨ ਸੇਵਾ ਕਿਤ ਹੀ ਕਾਜਿ ਨ ਆਇਆ ।।[11]

ਪਰਮਾਤਮਾ ਦੀ ਪ੍ਰਾਪਤੀ ਲਈ ਸੇਵਾ ਕਿਸਦੀ ਕੀਤੀ ਜਾਵੇ ? ਗੁਰਬਾਣੀ ਵਿਚ ਇਸ ਸੰਬੰਧੀ ਡੂੰਘੀ ਵਿਚਾਰ ਹੋਈ ਮਿਲਦੀ ਹੈ। ਪਰਮਾਤਮਾ, ਗੁਰੂ, ਸੰਤ, ਸਾਧ ਜਨ ਆਦਿ ਦੀ ਸੇਵਾ ਦਾ ਬਹੁਤ ਮਹਾਤਮ ਹੈ। ਰਹੱਸਵਾਦ ਇਕ ਅੰਤਰਮੁਖੀ ਪ੍ਰਵਿਰਤੀ ਹੈ ਅਤੇ ਪਰਮਾਤਮਾ, ਗੁਰੂ ਅਤੇ ਸੰਤ ਜਨਾਂ ਦੀ ਸੇਵਾ ਨਾਮ ਜਪਣ ਨਾਲ ਅਰਥਾਤ ਮਨ ਨਾਲ ਕੀਤੀ ਸੇਵਾ ਸਾਰਥਕ ਹੈ। ਗੁਰਬਾਣੀ 'ਗੁਰ ਪਰਮੇਸਰੁ ਏਕੋ ਜਾਣ' ਦਾ ਸੰਕਲਪ ਪੇਸ਼ ਕਰਦੀ ਹੈ । ਇਸ ਕਰਕੇ ਪਰਮਾਤਮਾ ਦੀ ਪ੍ਰਾਪਤੀ ਲਈ ਨਾਮ ਜਪਣਾ ਆਥਾਤ ਬੰਦਗੀ ਹੀ ਵੱਡਮੁਲੀ ਸੇਵਾ ਹੈ। ਪਰਮਾਤਮਾ ਦੇ ਨਿਰਗੁਣ ਸਰੂਪ ਵਿਚ ਹੋਣ ਕਾਰਨ ਉਸਦੀ ਸੇਵਾ ਨਾਮ ਤੇ ਬੰਦਗੀ ਰਾਹੀਂ ਹੀ ਹੋ ਸਕਦੀ ਹੈ। ਜਿਵੇਂ :-

- ਹਰਿ ਕੀ ਟਹਲ ਕਮਾਵਣੀ ਜਪੀਐ ਪ੍ਰਭ ਕਾ ਨਾਮੁ।।
  ਗੁਰ ਪੂਰੇ ਤੇ ਪਾਇਆ ਨਾਨਕ ਸੁਖ ਬਿਸ੍ਰਾਮੁ।।[12]
- ਹਰਿ ਸੇਵਾ ਮਹਿ ਪਰਮ ਨਿਧਾਨੁ।।
  ਹਰਿ ਸੇਵਾ ਮੁਖਿ ਅੰਮ੍ਰਿਤ ਨਾਮੁ।।[13]
- ਹਰਿ ਕੀ ਤੁਮ ਸੇਵਾ ਕਰਹੁ ਦੂਜੀ ਸੇਵਾ ਕਰਹੁ ਨਾ ਕੋਇ ਜੀ ।।
  ਹਰਿ ਕੀ ਸੇਵਾ ਤੇ ਮਨਹੁ ਚਿੰਦਿਆ ਫਲੁ ਪਾਈਐ ਦੂਜੀ ਸੇਵਾ ਜਨਮੁ ਬਿਰਥਾ ਜਾਇ ਜੀ।।[14]

ਗੁਰਬਾਣੀ ਵਿਚ ਗੁਰੂ ਸੇਵਾ ਦਾ ਵੀ ਬਹੁਤ ਮਹਾਤਮ ਹੈ। ਕਿਉਂਕਿ ਗੁਰਬਾਣੀ ਵਿਚ ਗੁਰੂ ਦਾ ਜੋ ਸੰਕਲਪ ਪੇਸ਼ ਹੋਇਆ ਹੈ, ਉਹ ਬਹੁਤ ਸਤਿਕਾਰਤ ਹੈ। ਗੁਰੂ ਹੀ ਜਗਿਆਸੂ ਨੂੰ ਪਰਮਾਤਮਾ ਤੱਕ ਪੰਹੁਚਾਣ ਦਾ ਅਨੁਪਮ ਸਾਧਨ ਹੈ। ਗੁਰੂ ਤੋਂ ਬਿਨਾਂ ਦੁਨਿਆਵੀ ਭਵਸਾਗਰ ਤੋਂ ਪਾਰ ਨਹੀਂ ਹੋਇਆ ਜਾ ਸਕਦਾ ਹੈ। ਗੁਰੂ ਇਕ ਰੋਸ਼ਨ ਮੀਨਾਰ ਹੈ ਜੋ ਅਧਿਆਤਮਕ ਖੇਤਰ ਵਿਚ ਜਗਿਆਸੂ ਦੇ ਹਨੇਰੇ ਰਾਹਾਂ ਨੂੰ ਰੋਸ਼ਨ ਕਰ ਸਕਦਾ ਹੈ। ਇਸ ਕਰਕੇ ਗੁਰੂ ਦੀ ਸੇਵਾ ਜਗਿਆਸੂ ਦੇ ਹਿਰਦੇ ਵਿਚਲੇ ਪਿਆਰ ਅਤੇ ਸ਼ਰਧਾ ਦਾ ਹੀ ਪ੍ਰਤੀਕ ਹੈ। ਗੁਰੂ ਦੀ ਸੇਵਾ ਸਗਲ ਇਛਾਵਾਂ ਦੀ ਪੂਰਤੀ ਦਾ ਸਾਧਨ ਹੈ। ਗੁਰੂ ਅਮਰਦਾਸ ਜੀ ਸਿਰੀ ਰਾਗ ਵਿਚ ਹੁਕਮ ਕਰਦੇ ਹਨ :-

- ਗੁਰ ਸੇਵਾ ਨਾਉ ਪਾਈਐ ਸਚੇ ਰਹੈ ਸਮਾਇ।।[15]
- ਸਤਗੁਰ ਕੀ ਸੇਵਾ ਅਤਿ ਸੁਖਾਲੀ ਜੋ ਇਛੇ ਸੋ ਫਲੁ ਪਾਏ।।[16]
- ਸਤਿਗੁਰੂ ਕੀ ਸੇਵਾ ਸੋ ਕਰੇ ਜਿਸੁ ਬਿਨਸੈ ਹਉਮੈ ਤਾਪੁ ।।
  ਨਾਨਕ ਕਉ ਗੁਰੁ ਭੇਟਿਆ ਬਿਨਸੇ ਸਗਲ ਸੰਤਾਪ।।[17]

ਸਾਧ/ ਸੰਤ ਇਕ ਉਚ ਆਤਮਕ ਅਵਸਥਾ ਹੈ ਜੋ ਗੁਰਬਾਣੀ ਦੇ ਅਧਿਆਤਮਕ ਸੰਕਲਪਾਂ ਵਿਚ ਅਹਿਮ ਸਥਾਨ ਰੱਖਦੀ ਹੈ। ਸਾਧ/ਸੰਤ ਆਪਣਾ ਮਨ ਸਾਧਕੇ ਪਰਮਾਤਮਾ ਨਾਲ ਇਕਮਿਕਤਾ ਦੀ ਅਵਸਥਾ ਤੱਕ ਪਹੁੰਚ ਚੁੱਕੇ ਹੁੰਦੇ ਹਨ। ਸੰਤ ਜਨ ਇਕ ਜਗਿਆਸੂ ਦਾ ਅਧਿਆਤਮਕ ਵਿਕਾਸ ਕਰਨ ਵਿਚ ਸਹਾਈ ਹੁੰਦੇ ਹਨ। ਜਿਵੇਂ :-

- ਚਾਰਿ ਪਦਾਰਥ ਜੇ ਕੋ ਮਾਗੈ।।
  ਸਾਧ ਜਨਾ ਕੀ ਸੇਵਾ ਲਾਗੈ ।।[18]
- ਮਾਣਸ ਸੇਵਾ ਖਰੀ ਦੁਹੇਲੀ ।।

  ਸਾਧ ਕੀ ਸੇਵਾ ਸਦਾ ਸੁਹੇਲੀ। ।[19]

ਸਾਧ ਸੰਗਤ ਦਾ ਗੁਰਮਤਿ ਵਿਚ ਵਿਸ਼ੇਸ਼ ਸਥਾਨ ਹੈ। ਸਾਧਾਂ ਦੀ ਸੰਗਤ ਵਿਚ ਜਾ ਕੇ ਜਗਿਆਸੂ ਦਾ ਅਧਿਆਤਮਕ ਵਿਕਾਸ ਹੁੰਦਾ ਹੈ। ਅਧਿਆਤਮਕ ਜੀਵਨ ਵਿਚਲੀਆਂ ਮੁਸ਼ਕਿਲਾਂ ਤੋਂ ਮੁਕਤੀ ਮਿਲਦੀ ਹੈ। ਪ੍ਰਭੂ ਦਾ ਸਿਮਰਨ ਮਨ ਰਾਹੀਂ ਕੀਤੀ ਸੇਵਾ ਦਾ ਲਖਾਇਕ ਹੈ। ਸਾਧਾਂ ਦੀ ਸੰਗਤ ਤੋਂ ਭਾਵ ਜਿਥੇ ਉਸ ਪਰਮਾਤਮਾ ਦੇ ਗੁਣਾਂ ਦਾ ਗਾਇਣ ਕੀਤਾ ਜਾਂਦਾ ਹੈ ਅਤੇ ਉਸਦੀ ਸਿਫ਼ਤ ਸਲਾਹੁਣਾ ਕੀਤੀ ਜਾਂਦੀ ਹੈ, ਉਸ ਸਮੇਂ ਇਕ ਅਧਿਆਤਮਕ ਵਾਤਾਵਰਣ ਸਿਰਜਨਾ ਵੀ ਇਕ ਪ੍ਰਕਾਰ ਦੀ ਸੇਵਾ ਹੈ। ਸੰਗਤ ਦੀ ਸੇਵਾ, ਲੰਗਰ ਦੀ ਸੇਵਾ, ਭਾਂਡੇ ਮਾਂਜਣਾ, ਝਾੜੂ ਫੇਰਨਾ, ਪਾਣੀ ਢੋਣਾ, ਜਲ ਦੀ ਸੇਵਾ, ਜੋੜਿਆਂ ਦੀ ਸੇਵਾ ਆਦਿ ਤਨ ਨਾਲ ਕੀਤੀ ਸੇਵਾ ਦੇ ਲਖਾਇਕ ਹਨ, ਜਿਸ ਨਾਲ ਆਤਮਾ ਦਾ ਸੁਧੀਕਰਣ ਹੁੰਦਾ ਹੈ, ਨਿਮਰਤਾ ਦਾ ਪ੍ਰਕਾਸ਼ ਅਤੇ ਹਉਮੈ ਦਾ ਵਿਨਾਸ਼ ਹੁੰਦਾ ਹੈ। ਗੁਰਬਾਣੀ 'ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਓ' ਰਾਹੀਂ ਪਰਮਾਤਮਾ ਦੇ ਸਾਧ ਸੰਗਤ ਵਿਚ ਵਸੇ ਹੋਣ ਬਾਰੇ ਵਿਚਾਰ ਕਰਦੀ ਹੈ:-

- ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ।।

  ਸਾਧੁ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ।।[20]
- ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ।।
  ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ।।[21]

ਸੇਵਾ ਕਰਦਿਆਂ ਮਨੁੱਖ ਦਾ ਅਧਿਆਤਮਕ ਵਿਕਾਸ ਹੁੰਦਾ ਹੈ ਅਤੇ ਉਹ ਪਰਮਾਤਮਾ ਦਾ ਹੀ ਰੂਪ ਹੋ ਜਾਂਦਾ ਹੈ। ਪ੍ਰਭੂ ਦੇ ਗੁਣ ਜਗਿਆਸੂ ਵਿਚ ਪ੍ਰਕਾਸ਼ਮਾਨ ਹੋ ਜਾਂਦੇ ਹਨ ਅਤੇ ਇਕ ਰੂਹਾਨੀ ਜੋਤ ਜਗ ਪੈਂਦੀ ਹੈ।

- ਹਰਿ ਦਾ ਸੇਵਕੁ ਸੋ ਹਰਿ ਜੇਹਾ।।

  ਭੇਦੁ ਨਾ ਜਾਣਹੁ ਮਾਣਸ ਦੇਹਾ।।[22]

ਪਰਮਾਤਮਾ, ਗੁਰੂ, ਸੰਤ ਜਨਾਂ, ਸਾਧਾਂ ਦੀ ਸੰਗਤ ਅਤੇ ਆਮ ਮਨੁੱਖਤਾ ਲਈ ਕੀਤੀ ਗਈ ਤਨ ਮਨ ਅਤੇ ਧਨ ਦੀ ਨਿਸ਼ਕਾਮ ਸੇਵਾ ਜਗਿਆਸੂ ਵਿਚ ਨਿਰੰਤਰ ਸਾਕਾਰਾਤਮਕ ਪਰਿਵਰਤਨ ਲਿਆਉਣ ਦੀ ਸਮਰੱਥਾ ਰੱਖਦੀ ਹੈ। ਜਗਿਆਸੂ ਅੰਦਰੋਂ ਭਰਮ ਭੁਲੇਖਿਆਂ ਦਾ ਨਾਸ਼ ਹੁੰਦਾ ਹੈ ਅਤੇ ਪਰਮਾਤਮਾ ਦਾ ਨਿਵਾਸ ਹੁੰਦਾ ਹੈ। ਉਹ ਉੱਚ ਅਧਿਆਤਮਕ ਅਵਸਥਾ ਦਾ ਧਾਰਨੀ ਹੋ ਜਾਂਦਾ ਹੈ।

- ਹਰਿ ਕੀ ਸੇਵਾ ਸਫਲ ਹੈ ਗੁਰਮੁਖਿ ਪਾਵੈ ਥਾਇ[23]
- ਗੁਰਮੁਖਿ ਸੇਵਾ ਹਰਿ ਘਾਲ ਥਾਇ ਪਾਈ। ।
  ਹਰਿ ਹਰਿ ਨਾਮ ਜਪਹੁ ਮੇਰੇ ਭਾਈ।।[24]
- ਗੁਰ ਸੇਵਾ ਤੇ ਆਪੁ ਪਛਾਤਾ।।
  ਅੰਮ੍ਰਿਤ ਨਾਮੁ ਵਸਿਆ ਸੁਖਦਾਤਾ।।[25]

- ਸਗਲੇ ਦੂਖ ਮਿਟਹਿ ਗੁਰ ਸੇਵਾ ਨਾਨਕ ਨਾਮੁ ਸਖਾਈ।।[26]

ਸੇਵਾ ਦੇ ਇਸ ਸੰਕਲਪ ਸੰਬੰਧੀ ਵਿਚਾਰ ਕਰਦਿਆਂ ਡਾ. ਗੁਰਮੁਖ ਸਿੰਘ ਲਿਖਦੇ ਹਨ, “ਸੇਵਾ ਸਿਮਰਨ ਹੈ। ਭਗਤੀ ਹੈ। ਪਰਉਪਕਾਰ ਹੈ। ਜੀਵਨ ਹੈ। ਫਲ ਮਿਲਦਾ ਹੈ ਮੁਕਤੀ। ਆਵਾਗਵਨ ਤੋਂ ਛੁਟਕਾਰਾ। ਗੁਰੂ ਪਰਮਾਤਮਾ ਨਾਲ ਮਿਲਾਪ। ਇਹ ਸਿਖਰ ਹੈ ਪ੍ਰਾਪਤੀ ਦਾ।”[27] ਉਪਰੋਕਤ ਵਿਚਾਰ ਤੋਂ ਇਹ ਸਪਸ਼ਟ ਹੈ ਕਿ ਗੁਰਬਾਣੀ ਵਿਚ ਜਿਸ ਸਾਵੇਂ ਤੇ ਸੁਖਾਂਵੇ ਸਮਾਜ ਦੀ ਸਿਰਜਨਾ ਅਤੇ ਮਨੁੱਖਤਾ ਦੇ ਕਲਿਆਣ ਦਾ ਸੰਕਲਪ ਪੇਸ਼ ਕੀਤਾ ਗਿਆ ਹੈ, ਉਹ ਸੇਵਾ ਦੇ ਸੰਕਲਪ ਨਾਲ ਜੁੜਕੇ ਹੀ ਪੇਸ਼ ਹੁੰਦਾ ਹੈ। ਸੇਵਾ ਇਕ ਅਜਿਹਾ ਕਾਰਜ ਹੈ, ਜੋ ਮਨੁੱਖ ਦਾ ਜਿਥੇ ਅਧਿਆਤਮਕ ਵਿਕਾਸ ਕਰਦਾ ਹੈ, ਉਥੇ ਸਮਾਜਿਕ ਕਲਿਆਣ ਵਿਚ ਵੀ ਯੋਗਦਾਨ ਪਾਉਂਦਾ ਹੈ।

## ਹਵਾਲੇ ਤੇ ਟਿੱਪਣੀਆਂ

1. Oxford Dictionary and Thesaurus, Oxford University Press, 2001, pp. 694
2. Merriam-Webster’s Collegiate Dictionary, Merriam Webster, Incorporated, U.S.A., 2003, pp. 1137
3. English-Punjabi Dictionary, Punjab State University Text Book Board, 2010, pp. 1038
4. Sanskrit-Hindi-English Dictionary, Orient Longman, New Delhi, 1975, pp. 655
5. ਨਵਰਤਨ ਕਪੂਰ (ਡਾ:), “ਚੌਥੇ ਪਾਤਿਸ਼ਾਹ ਜੀ ਦੀ ਬਾਣੀ ਵਿਚ ਸੇਵਾ ਦੀ ਮਹਿਮਾ,” ਨਾਨਕ ਪ੍ਰਕਾਸ਼ ਪਤ੍ਰਿਕਾ (ਸੇਵਾ ਵਿਸ਼ੇਸ਼ ਅੰਕ) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ। ਪੰਨਾ 45
6. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼
7. ਗੁਲਵੰਤ ਸਿੰਘ (ਪ੍ਰੋ.), “ਗੁਰਬਾਣੀ ਅਨੁਸਾਰ ਸੇਵਾ,” ਸਿੱਖ ਚਿੰਤਨ ਅਨੁਸਾਰ ਸੇਵਾ ਦਾ ਸੰਕਲਪ (ਸੰਪਾ), ਗੁਰਨਾਮ ਕੌਰ, ਪੰਨਾ 3
8. ਰਤਨ ਸਿੰਘ ਜੱਗੀ (ਡਾ.), “ਗੁਰਮਤਿ ਕਾਵਿ ਵਿਚ ਸੇਵਾ ਦਾ ਮਹੱਤਵ,” ਕਰਤਾ ਡਾ. ਗੁਰਮੁਖ ਸਿੰਘ, ਖੋਜ ਪਤ੍ਰਿਕਾ (ਗੁਰਮਤਿ ਕਾਵਿ ਅੰਕ) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985 ਪੰਨਾ 161-162 ਤੋਂ ਉਧਰਿਤ
9. ਗੁਰੂ ਗ੍ਰੰਥ ਸਾਹਿਬ, ਅੰਗ 1245
10. ਗੁਰੂ ਗ੍ਰੰਥ ਸਾਹਿਬ, ਅੰਗ 719
11. ਗੁਰੂ ਗ੍ਰੰਥ ਸਾਹਿਬ, ਅੰਗ 712
12. ਗੁਰੂ ਗ੍ਰੰਥ ਸਾਹਿਬ, ਅੰਗ 300
13. ਗੁਰੂ ਗ੍ਰੰਥ ਸਾਹਿਬ, ਅੰਗ 375
14. ਗੁਰੂ ਗ੍ਰੰਥ ਸਾਹਿਬ, ਅੰਗ 490
15. ਗੁਰੂ ਗ੍ਰੰਥ ਸਾਹਿਬ, ਅੰਗ 33
16. ਗੁਰੂ ਗ੍ਰੰਥ ਸਾਹਿਬ, ਅੰਗ 31
17. ਗੁਰੂ ਗ੍ਰੰਥ ਸਾਹਿਬ, ਅੰਗ 45
18. ਗੁਰੂ ਗ੍ਰੰਥ ਸਾਹਿਬ, ਅੰਗ 266
19. ਗੁਰੂ ਗ੍ਰੰਥ ਸਾਹਿਬ, ਅੰਗ 1182
20. ਗੁਰੂ ਗ੍ਰੰਥ ਸਾਹਿਬ, ਅੰਗ 255
21. ਗੁਰੂ ਗ੍ਰੰਥ ਸਾਹਿਬ, ਅੰਗ 991
22. ਗੁਰੂ ਗ੍ਰੰਥ ਸਾਹਿਬ, ਅੰਗ 1076
23. ਗੁਰੂ ਗ੍ਰੰਥ ਸਾਹਿਬ, ਅੰਗ 86
24. ਗੁਰੂ ਗ੍ਰੰਥ ਸਾਹਿਬ, ਅੰਗ 161
25. ਗੁਰੂ ਗ੍ਰੰਥ ਸਾਹਿਬ, ਅੰਗ 415
26. ਗੁਰੂ ਗ੍ਰੰਥ ਸਾਹਿਬ, ਅੰਗ 1127
27. ਗੁਰਮੁਖ ਸਿੰਘ (ਡਾ.), “ਗੁਰਮਤਿ ਕਾਵਿ ਵਿਚ ਸੇਵਾ ਦਾ ਮਹੱਤਵ,” ਖੋਜ ਪਤ੍ਰਿਕਾ (ਗੁਰਮਤਿ ਕਾਵਿ ਅੰਕ) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985, ਪੰਨਾ 172